



# Orientation to Ontario

1-855-626-0002
https://settlement.org/o2o





## ਹਾਊਸਿੰਗ

### ਹਾਊਸਿੰਗ ਦੇ ਵਿਕਲਪ

ਆਰਜ਼ੀ ਹਾਊਸਿੰਗ – ਜਦੋਂ ਤੁਸੀਂ ਪਹਿਲੀ ਵਾਰੀ ਓਂਟਾਰੀਓ ਪਹੁੰਚਦੇ ਹੋ, ਤਾਂ ਠਹਿਰਣ ਲਈ ਤੁਹਾਨੂੰ ਆਰਜ਼ੀ ਥਾਂ ਦੀ ਲੋੜ ਪੈ ਸਕਦੀ ਹੈ। ਹੋਟਲਾਂ ਦੇ ਮੁਕਾਬਲੇ ਹੋਸਟਲ ਕਾਫੀ ਸਸਤੇ ਪੈਂਦੇ ਹਨ । ਆਰਜ਼ੀ ਹਾਊਸਿੰਗ ਦਾ ਪਤਾ ਲਾਉਣ ਲਈ ਆਪਣੇ ਇਲਾਕੇ ਵਿੱਚ ਟੂਰਿਜ਼ਮ ਦੀਆਂ ਵੈਬਸਾਈਟਾਂ ਸਰਚ ਕਰੋ ਜਾਂ ਟੂਰਿਸਟ ਗਾਈਡ ਬੁੱਕ ਖ਼ਰੀਦੋ, ਜਿਸ ਵਿੱਚ ਰਿਹਾਇਸ਼ਾਂ ਦੇ ਵਿਕਲਪ ਦਿੱਤੇ ਗਏ ਹੁੰਦੇ ਹਨ।

ਗ਼ੈਰ ਮੁਨਾਫ਼ਾ ਹਾਊਸਿੰਗ ਕੋ-ਆਪਰੇਟਿਵਸ – ਕੋ-ਆਪਰੇਟਿਵਸ ਮੈਂਬਰਾਂ ਜਾਂ ਵਸਨੀਕਾਂ ਦੀ ਮਲਕੀਅਤ ਹੁੰਦੀ ਹੈ ਅਤੇ ਇਸਦਾ ਪ੍ਰਬੰਧ ਉਹਨਾਂ ਵਲੋਂ ਹੀ ਕੀਤਾ ਜਾਂਦਾ ਹੈ, ਪਰ ਵਸਨੀਕਾਂ ਦੀਆਂ ਆਪਣੀਆਂ ਯੂਨਿਟਾਂ ਨਹੀਂ ਹੁੰਦੀਆਂ। ਤੁਹਾਨੂੰ ਕੋ-ਆੱਪ੍ਰੇਟਿਵ ਵਿੱਚ ਰਹਿਣ ਲਈ ਅਪਲਾਈ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਆਮ ਤੌਰ 'ਤੇ ਕਿਰਾਏ ਔਸਤ ਨਾਲੋਂ ਘੱਟ ਹੁੰਦੇ ਹਨ। ਹੋਰ ਜਾਣਕਾਰੀ ਲਈ onpha.on.ca ਜਾਂ findlink.at/NPHousing 'ਤੇ ਜਾਓ।

ਸਰਕਾਰੀ ਸਹਾਇਤਾ ਪ੍ਰਾਪਤ ਜਾਂ ਸਬਸਿਡੀ ਵਾਲੀ ਹਾਊਸਿੰਗ – ਸਬਸਿਡੀ ਵਾਲੀ ਹਾਊਸਿੰਗ ਵਿੱਚ, ਕਿਰਾਇਆ ਤੁਹਾਡੀ ਆਮਦਨ ਦੇ ਹਿਸਾਬ ਨਾਲ ਲੱਗਦਾ ਹੈ। ਇਸ ਕਿਸਮ ਦੀ ਹਾਊਸਿੰਗ ਲਈ ਬਹੁਤੇ ਲੋਕ ਕਈ ਸਾਲ ਤੱਕ ਘਰ ਦੀ ਉਡੀਕ ਕਰਦੇ ਰਹਿੰਦੇ ਹਨ। ਹੋਰ ਜਾਣਕਾਰੀ ਲਈ ontario.ca ਜਾਂ findlink.at/housing 'ਤੇ ਜਾਓ।

ਮਦਦ ਲਈ ਤੁਸੀਂ ਆਪਣੇ ਸੈਟਲਮੈਂਟ ਸਲਾਹਕਾਰ ਨੂੰ ਵੀ ਪੁੱਛ ਸਕਦੇ ਹੋ। ਆਪਣੀ ਨਜ਼ਦੀਕੀ ਸੈਟਲਮੈਂਟ ਏਜੰਸੀ ਦਾ ਪਤਾ ਲਾਉਣ ਲਈ settlement.org/findhelp 'ਤੇ ਜਾਓ।

ਸ਼ੈਲਟਰ – ਉਹਨਾਂ ਲੋਕਾਂ ਨੂੰ ਥੋੜ੍ਹੀ-ਮਿਆਦ ਲਈ ਐਮਰਜੈਂਸੀ ਹਾਊਸਿੰਗ ਮੁਹੱਈਆ ਕਰਦੇ ਹਨ, ਜੋ ਬੇਘਰ ਜਾਂ ਸੰਕਟ ਵਿੱਚ ਹਨ। ਆਪਣੇ ਇਲਾਕੇ ਵਿੱਚ ਸ਼ੈਲਟਰ ਦਾ ਪਤਾ ਲਾਉਣ ਲਈ 211 'ਤੇ ਕਾਲ ਕਰੋ।

ਸੀਨੀਅਰਾਂ ਲਈ ਹਾਊਸਿੰਗ – ਓਂਟਾਰੀਓ ਵਿੱਚ ਸੀਨੀਅਰਾਂ ਲਈ ਕਈ ਕਿਸਮ ਦੇ ਹਾਊਸਿੰਗ ਹਨ। 1-888-910-1999 'ਤੇ ਸੀਨੀਅਰਾਂ ਦੇ ਮਾਮਲਿਆਂ ਬਾਰੇ ਮਹਿਕਮੇ ਨੂੰ ਕਾਲ ਕਰੋ ਜਾਂ seniors.gov.on.ca ਜਾਂ findlink.at/seniorguide 'ਤੇ ਜਾਓ।

ਸੈਕੰਡਰੀ ਤੋਂ ਬਾਅਦ ਦੇ ਵਿਦਿਆਰਥੀਆਂ ਲਈ ਹਾਊਸਿੰਗ – ਯੂਨੀਵਰਸਿਟੀਆਂ ਅਤੇ ਕਾਲਜ ਵਾਧੂ ਲਾਗਤ 'ਤੇ ਆਪਣੇ ਵਿਦਿਆਰਥੀਆਂ ਨੂੰ ਹਾਊਸਿੰਗ ਮੁਹੱਈਆ ਕਰਦੇ ਹਨ। ਅਕਸਰ ਕੈਂਪਸ ਵਿਚਲੀ ਹਾਊਸਿੰਗ ਵਿੱਚ ਭੋਜਨ ਸ਼ਾਮਿਲ ਹੁੰਦਾ ਹੈ। ਹੋਰ ਜਾਣਕਾਰੀ ਲਈ, ਤੁਸੀਂ ਉਸ ਯੂਨੀਵਰਸਿਟੀ ਜਾਂ ਕਾਲਜ ਦੇ ਹਾਊਸਿੰਗ ਵਿਭਾਗ ਨਾਲ ਸੰਪਰਕ ਕਰੋ, ਜਿਸ ਵਿੱਚ ਤੁਸੀਂ ਜਾਣ ਦਾ ਪਲਾਨ ਬਣਾਇਆ ਹੈ। ਗਰਮੀਆਂ ਵਿੱਚ ਵਿਦਿਆਰਥੀਆਂ ਲਈ ਰਿਹਾਇਸ਼ਾਂ ਕਈ ਵਾਰੀ ਗ਼ੈਰ-ਵਿਦਿਆਰਥੀਆਂ ਲਈ ਉਪਲਬਧ ਹੁੰਦੀਆਂ ਹਨ।

### ਅਪਾਰਟਮੈਂਟ ਜਾਂ ਘਰ ਕਿਰਾਏ 'ਤੇ ਲੈਣਾ

ਰਿਹਾਇਸ਼ੀ ਕਿਰਾਏਦਾਰੀਆਂ ਬਾਰੇ ਕਾਨੂੰਨ (RTA) ਵਿੱਚ ਸਾਰੇ ਨੇਮ ਦਿੱਤੇ ਗਏ ਹਨ, ਮਾਲਕਾਂ ਅਤੇ ਕਿਰਾਏਦਾਰਾਂ ਨੂੰ ਇਹਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ontario.ca ਜਾਂ findlink.at/RTAct 'ਤੇ ਇਸ ਨੂੰ ਆਨਲਾਈਨ 'ਤੇ ਪੜ੍ਹੋ।
ਤੁਸੀਂ 1-888-332- 3234 'ਤੇ ਮਾਲਕ ਅਤੇ ਕਿਰਾਏਦਾਰ ਬਾਰੇ ਬੋਰਡ (LTB) ਨੂੰ ਵੀ ਕਾਲ ਕਰ ਸਕਦੇ ਹੋ ਜਾਂ ltb.gov.on.ca 'ਤੇ ਜਾਓ।

Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario



- ਤੁਹਾਨੂੰ ਲੀਜ਼ – ਸਮੇਂ ਦੀ ਮਿਆਦ, ਆਮ ਤੌਰ 'ਤੇ ਇੱਕ ਸਾਲ ਤੈਅ ਕਰਨ ਲਈ ਕਿਰਾਏ ਸਬੰਧੀ ਕਾਨੂੰਨੀ ਇਕਰਾਰਨਾਮੇ 'ਤੇ ਦਸਤਖ਼ਤ ਕਰਨ ਲਈ ਕਿਹਾ ਜਾ ਸਕਦਾ ਹੈ।
- ਘਰ ਵਿੱਚ ਆਉਣ ਤੋਂ ਪਹਿਲਾਂ ਤੁਹਾਨੂੰ ਆਪਣੇ ਪਿਛਲੇ ਮਹੀਨੇ ਦੇ ਕਿਰਾਏ ਦਾ ਭੁਗਤਾਨ ਕਰਨ ਲਈ ਵੀ ਕਿਹਾ ਜਾ ਸਕਦਾ ਹੈ।
- ਤੁਹਾਨੂੰ ਸਿਕਿਓਰਿਟੀ ਜਮ੍ਹਾ ਕਰਾਉਣ ਲਈ ਵੀ ਕਿਹਾ ਜਾ ਸਕਦਾ ਹੈ। ਜੇ ਘਰ ਵਿੱਚ ਕੋਈ ਨੁਕਸਾਨ ਨਹੀਂ ਹੋਇਆ, ਤਾਂ ਘਰ ਛੱਡਣ ਲੱਗਿਆਂ ਤੁਹਾਨੂੰ ਇਹ ਰਕਮ ਵਾਪਸ ਕੀਤੀ ਜਾਣੀ ਚਾਹੀਦੀ ਹੈ।
- ਆਮ ਤੌਰ 'ਤੇ ਤੁਹਾਨੂੰ ਆਪਣਾ ਕਿਰਾਇਆ ਹਰ ਮਹੀਨੇ ਦੀ ਪਹਿਲੀ ਤਾਰੀਖ਼ ਨੂੰ ਦੇਣ ਲਈ ਕਿਹਾ ਜਾਏਗਾ।
- ਹੀਟ ਅਤੇ ਬਿਜਲੀ ਵਰਗੀਆਂ ਤੁਹਾਡੀਆਂ ਸੇਵਾਵਾਂ, ਨੂੰ ਤੁਹਾਡੇ ਕਿਰਾਏ ਵਿੱਚ ਸ਼ਾਮਿਲ ਕੀਤਾ ਜਾ ਸਕਦਾ ਹੈ ਜਾਂ ਤੁਹਾਨੂੰ ਉਹਨਾਂ ਲਈ ਵੱਖਰੇ ਤੌਰ 'ਤੇ ਭੁਗਤਾਨ ਕਰਨਾ ਪੈ ਸਕਦਾ ਹੈ।
- ਹਾਊਸਿੰਗ ਬਾਰੇ ਹੋਰ ਜਾਣਕਾਰੀ settlement.org ਜਾਂ findlink.at/housinging 'ਤੇ ਜਾਓ।

ਕਿਰਾਏ ਦੀ ਹਾਊਸਿੰਗ ਲੱਭਣਾ

newspaperscanada.ca ਜਾਂ findlink.at/Newspapers 'ਤੇ ਆਪਣੇ ਭਾਈਚਾਰੇ ਦੇ ਅਖ਼ਬਾਰ ਵਿੱਚ ਸਿਰਲੇਖਵਾਰ ਇਸ਼ਤਿਹਾਰ ਵੇਖੋ।

ਆਪਣੇ ਗਵਾਂਢ ਵਿੱਚ "ਅਪਾਰਟਮੈਂਟ ਉਪਲਬਧ" ਜਾਂ "ਕਿਰਾਏ ਲਈ" ਸੰਕੇਤ ਵੇਖੋ। viewit.ca 'ਤੇ ਜਾਓ।

## ਘਰ ਖ਼ਰੀਦਣਾ

- ਘਰ ਦੇ ਕਰਜ਼ੇ ਲਈ ਮੰਜ਼ੂਰੀ ਲੈਣ ਵਾਸਤੇ, ਤੁਹਾਡਾ ਵਧੀਆ ਕ੍ਰੈਡਿਟ ਜ਼ਰੂਰ ਹੋਣਾ ਚਾਹੀਦਾ ਹੈ। ਕ੍ਰੈਡਿਟ ਦਾ ਇਤਿਹਾਸ ਕਿਵੇਂ ਤਿਆਰ ਕੀਤਾ ਜਾਏ, ਬਾਰੇ ਆਪਣੇ ਬੈਂਕ ਨਾਲ ਗੱਲ ਕਰੋ।
- ਜਦੋਂ ਤੁਸੀਂ ਇੱਕ ਘਰ ਬਾਰੇ ਪੇਸ਼ਕਸ਼ ਕਰਦੇ ਹੋ, ਤਾਂ ਇਹ ਪੇਸ਼ਕਸ਼ ਘਰ ਦੇ ਮੁਆਇਨੇ ਨੂੰ ਪਾਸ ਕਰਨ ਦੀ ਸ਼ਰਤ ਨਾਲ ਹੋਣੀ ਚਾਹੀਦੀ ਹੈ। ਜੇ ਘਰ ਦੇ ਲਾਇਸੈਂਸਸ਼ੁਦਾ ਇੰਸਪੈਕਟਰ ਨੂੰ ਲੱਗਦਾ ਹੈ ਕਿ ਮੁਰੰਮਤ ਕਰਨ ਦੀ ਲੋੜ ਹੈ, ਤਾਂ ਤੁਸੀਂ ਆਪਣੀ ਪੇਸ਼ਕਸ਼ ਰੱਦ ਜਾਂ ਤਬਦੀਲ ਕਰ ਸਕਦੇ ਹੋ।

ਹੋਰ ਜਾਣਕਾਰੀ ਲਈ cmhc.ca ਜਾਂ findlink.at/CMHCnc 'ਤੇ ਨਵੇਂ ਆਉਣ ਵਾਲਿਆਂ ਲਈ ਕਨੇਡਾ ਮੌਰਟਗੇਜ ਅਤੇ ਹਾਊਸਿੰਗ ਕਾਰਪੋਰੇਸ਼ਨ ਦੀ ਗਾਈਡ ਪੜ੍ਹੋ।

ਕੀ ਤੁਹਾਨੂੰ ਪਤਾ ਹੈ?

ਬਹੁਤੇ ਲੋਕ ਓਂਟਾਰੀਓ ਵਿੱਚ ਘਰ ਖ਼ਰੀਦਣ ਲਈ ਪੈਸਾ ਉਧਾਰ ਲੈਂਦੇ ਹਨ। ਤੁਸੀਂ ਆਪਣੇ ਬੈਂਕ ਜਾਂ ਮੌਰਟਗੇਜ ਬ੍ਰੋਕਰ ਰਾਹੀਂ ਮੌਰਟਗੇਜ ਲਈ ਅਪਲਾਈ ਕਰ ਸਕਦੇ ਹੋ।



orientation to ontario l'ontario c'est chez moi